# 3. ਬਸ਼ੀਰਾ

## ਨਵਤੇਜ ਸਿੰਘ

## ਸਾਰ

ਬਸ਼ੀਰਾ ਤੇ ਕਹਾਣੀਕਾਰ ਦੋਵੇਂ ਚੰਗੇ ਬੇਲੀ ਸਨ। ਉਹ ਇੱਕ-ਦੂਜੇ ਦੀ ਮਦਦ ਕਰਦੇ ਸਨ। ਕਹਾਣੀਕਾਰ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਕਰਕੇ ਪੜ੍ਹਾਈ ਵਿੱਚ ਬਸ਼ੀਰੇ ਦੀ ਮਦਦ ਕਰਦਾ ਅਤੇ ਬਸ਼ੀਰਾ ਸਰੀਰਕ ਪੱਖੋਂ ਤਾਕਤਵਰ ਹੋਣ ਕਰਕੇ ਕਹਾਣੀਕਾਰ ਦੀ ਲੜਾਈ-ਝਗੜੇ ਵਿੱਚ ਸਹਾਇਤਾ ਕਰਦਾ ਸੀ। ਸਕੂਲ ਦੇ ਕੁਝ ਲੜਕੇ ਉਹਨਾਂ ਦੀ ਯਾਰੀ ਤੋਂ ਬਹੁਤ ਸੜਦੇ ਸਨ। ਕਹਾਣੀਕਾਰ ਦੀ ਸਹਾਇਤਾ ਨਾਲ ਬਸ਼ੀਰੇ ਦੀ ਪੜ੍ਹਾਈ ਵਿੱਚ ਸੁਧਾਰ ਹੋ ਗਿਆ ਅਤੇ ਬਸ਼ੀਰੇ ਤੋਂ ਕਹਾਣੀਕਾਰ ਨੇ ਥੋੜ੍ਹੀ ਖੇਡ-ਕਲਾ ਵੀ ਸਿੱਖ ਲਈ। ਬਸ਼ੀਰੇ ਦੀ ਫੁੱਟਬਾਲ ਦੀ ਕਿੱਕ ਬਹੁਤ ਮਸ਼ਹੂਰ ਸੀ ।

ਕਹਾਣੀਕਾਰ ਦੇ ਜਨਮ-ਦਿਨ ਉੱਤੇ ਉਨ੍ਹਾਂ ਦੇ ਸ਼ਹਿਰ ਦੇ ਰਿਸ਼ਤੇਦਾਰ ਮੁੰਡੇ-ਕੁੜੀਆਂ ਆਉਂਦੇ ਸਨ। ਉਹ ਸੋਹਣੇ ਕੱਪੜੇ ਪਹਿਨ ਕੇ ਆਉਂਦੇ ਅਤੇ ਕਹਾਣੀਕਾਰ ਲਈ ਕਈ ਸੋਹਣੀਆਂ-ਸੋਹਣੀਆਂ ਸੁਗਾਤਾਂ ਲੈ ਕੇ ਆਉਂਦੇ। ਸੋਹਣੀਆਂ ਕੁੜੀਆਂ ਅੱਗੇ ਬਸ਼ੀਰਾ ਸ਼ਰਮਾਉਂਦਾ ਹੋਇਆ ਇਕ ਨੁੱਕਰੇ ਬੈਠਾ ਰਹਿੰਦਾ। ਲੇਖਕ ਨੂੰ ਇੱਕ ਕਾਂਤੀ ਨਾਂ ਦੀ ਕੁੜੀ ਬਹੁਤ ਚੰਗੀ ਲਗਦੀ, ਕਿਉਂਕਿ ਉਹ ਬਸ਼ੀਰੇ ਨਾਲ ਆਪਣੀ ਅਮੀਰੀ ਨੂੰ ਪਾਸੇ ਰੱਖ ਕੇ ਗੱਲ ਕਰਦੀ ਅਤੇ ਉਸ ਨੇ ਕਹਾਣੀਕਾਰ ਲਈ ਲਿਆਂਦੀਆਂ ਸੁਗਾਤਾਂ ਵਿਚੋਂ ਇਕ ਜਰਸੀ ਬਸ਼ੀਰੇ ਨੂੰ ਵੀ ਦਿੱਤੀ ਸੀ । ਕਹਾਣੀਕਾਰ ਨੇ ਵੀ ਇਕ ਵਾਰ ਬਸ਼ੀਰੇ ਨੂੰ ਆਪਣੇ ਜਨਮ-ਦਿਨ ’ਤੇ ਵਧੀਆ ਫੁੱਟਬਾਲ ਦਿੱਤਾ ਸੀ, ਜੋ ਉਸ ਇਕੱਲੇ ਦਾ ਆਪਣਾ ਸੀ ।

ਉਹ ਦੋਵੇਂ ਮਿੱਤਰ ਇਕੱਠੇ ਬੈਠ ਕੇ ਆਪਣੀ ਕਲਪਨਾ ਰਾਹੀਂ ਕਾਲਜ ਵਿਚ ਪੜ੍ਹਨ ਬਾਰੇ ਸੋਚਦੇ । ਕਹਾਣੀਕਾਰ ਸੋਚਦਾ ਸੀ ਕਿ ਬਸ਼ੀਰਾ ਯੂਨੀਵਰਸਿਟੀ ਦੀ ਟੀਮ ਵਿਚ ਚੁਣਿਆ ਜਾਵੇਗਾ। ਬਸ਼ੀਰਾ ਸੋਚਦਾ ਸੀ ਕਿ ਕਹਾਣੀਕਾਰ ਬਹੁਤ ਸਾਰੀਆਂ ਕਿਤਾਬਾਂ ਲਿਖੇਗਾ, ਜਿਸ ਵਿਚ ਉਹ ਆਪਣੇ ਦੋਸਤ ਦਾ ਹਾਲ ਵੀ ਲਿਖੇਗਾ । ਉਹ ਕਲਪਨਾ ਵਿੱਚ ਹੀ ਵਿਦੇਸਾਂ ਦੀ ਸੈਰ ਕਰਦੇ ਅਤੇ ਕਹਾਣੀਕਾਰ ਤੇ ਕਾਂਤੀ ਦੇ ਵਿਆਹ ਬਾਰੇ ਵੀ ਸੋਚਦੇ।

ਇਕ ਵਾਰ ਬਸ਼ੀਰਾ ਕੁਝ ਦਿਨ ਸਕੂਲ ਨਾ ਆਇਆ, ਤਾਂ ਕਹਾਣੀਕਾਰ ਫ਼ਿਕਰਮੰਦ ਹੋ ਕੇ ਤਿੰਨ ਕੋਹ ਦੂਰ ਉਹਨਾਂ ਦੇ ਪਿੰਡ ਪਤਾ ਕਰਨ ਗਿਆ। ਉਸਦੇ ਪਿੰਡ ਪਹੁੰਚ ਕੇ ਉਸ ਨੇ ਪਿੰਡ ਦੇ ਬਾਹਰਵਾਰ ਬਸ਼ੀਰੇ ਨੂੰ ਮੱਝ ਚਰਾਉਂਦਾ ਵੇਖ ਲਿਆ। ਕਹਾਣੀਕਾਰ ਦੇ ਪੁੱਛਣ ਤੇ ਬਸ਼ੀਰੇ ਨੇ ਦੱਸਿਆ ਕਿ ਉਸਦੇ ਬਾਪ ਨੇ ਮੱਝ ਖ਼ਰੀਦ ਲਈ ਹੈ। ਕਹਾਣੀਕਾਰ ਇਸ ਗੱਲ ਨੂੰ ਸਮਝ ਨਾ ਪਾਇਆ, ਕਿਉਂਕਿ ਉਸਦੇ ਅਨੁਸਾਰ ਮੱਝ ਦਾ ਸਬੰਧ ਦੁੱਧ ਅਤੇ ਲੱਸੀ ਪੀਣ ਨਾਲ ਸੀ, ਪਰ ਬਸ਼ੀਰੇ ਵਰਗੇ ਕਈਆਂ ਲਈ ਮੱਝ ਦਾ ਜੋੜ ਠੇਕੇਦਾਰ ਕੋਲ ਸਾਰਾ ਦੁੱਧ ਵੇਚ ਕੇ ਘਰ ਦੇ ਗੁਜ਼ਾਰੇ ਨਾਲ ਹੈ।

ਕਹਾਣੀਕਾਰ ਕਹਿੰਦਾ ਹੈ ਕਿ ਉਹ ਕਹਾਣੀ ਲਿਖਦਾ ਹੋਇਆ ਆਪਣੀਆਂ ਲਿਖਤਾਂ ਰਾਹੀਂ ਸੰਘਰਸ਼ ਦਾ ਰਾਹ ਅਪਣਾ ਕੇ ਬਸ਼ੀਰੇ ਵਰਗੇ ਉਹਨਾਂ ਲੋਕਾਂ ਦੀ ਜ਼ਿੰਦਗੀ ਬਾਰੇ ਸੰਗਰਾਮ ਕਰੇਗਾ, ਜਿਹਨਾਂ ਦੇ ਫੁੱਟਬਾਲ ਨੂੰ ਕਿੱਕ ਮਾਰਨ ਦੇ ਸੁਪਨੇ ਅਤੇ ਦੁੱਧ ਆਪ ਪੀਣ ਦੀਆਂ ਸਧਰਾਂ ਅਧੂਰੀਆਂ ਰਹਿ ਗਈਆਂ । ਹੁਣ ਉਹਨਾਂ ਦਾ ਹੱਕ ਕੋਈ ਨਹੀਂ ਖੋਹੇਗਾ।

## ਛੋਟੇ ਉੱਤਰ ਵਾਲੇ ਪ੍ਰਸ਼ਨ

**ਪ੍ਰਸ਼ਨ 1. ‘ਬਸ਼ੀਰਾ’ ਕਹਾਣੀ ਦੀ ਕਿਹੜੀ ਘਟਨਾ ਨੇ ਲੇਖਕ ਨੂੰ ਰੋਣ ਲਈ ਮਜਬੂਰ ਕਰ ਦਿੱਤਾ ?**

ਉੱਤਰ – ਇੱਕ ਵਾਰ ਖੇਡਦਿਆਂ-ਖੇਡਦਿਆਂ ਬਸ਼ੀਰੇ ਦੇ ਮੱਥੇ ਦੇ ਵਿਚਕਾਰ ਇੱਕ ਵੱਡਾ ਸਾਰਾ ਕਾਬਲੀ ਭੂੰਡ ਲੜ ਗਿਆ, ਤਾਂ ਉਸ ਦੇ ਨੱਕ ਵਿੱਚੋਂ ਲਹੂ ਦੀ ਤਤੀਰੀ ਫੁੱਟ ਪਈ । ਇਸ ਘਟਨਾ ਨੇ ਲੇਖਕ ਨੂੰ ਰੋਣ ਲਈ ਮਜਬੂਰ ਕਰ ਦਿੱਤਾ ।

**ਪ੍ਰਸ਼ਨ 2. ਪੜ੍ਹਾਈ ਦੇ ਨਾਲ-ਨਾਲ ਬਸ਼ੀਰਾ ਸਕੂਲ ਦੀਆਂ ਹੋਰ ਕਿਹੜੀਆਂ ਕਿਰਿਆਵਾਂ ਵਿਚ ਹਿੱਸਾ ਲੈਂਦਾ ਸੀ ?**

ਉੱਤਰ - ਬਸ਼ੀਰਾ ਪੜ੍ਹਾਈ ਤੋਂ ਇਲਾਵਾ ਸਕੂਲ ਦੀਆਂ ਖੇਡਾਂ ਵਿਚ ਹਿੱਸਾ ਲੈਂਦਾ ਸੀ। ਉਹ ਸਕੂਲ ਦੀ ਸਵੇਰ ਦੀ ਪ੍ਰਾਰਥਨਾ ਸਭਾ ਵਿਚ ਗਾਉਣ ਵਾਲਿਆਂ ਦੀ ਅਗਵਾਈ ਕਰਦਾ ਸੀ। ਫੁੱਟਬਾਲ ਵਿਚ ਬਸ਼ੀਰੇ ਦੀ ਕਿੱਕ ਬੜੀ ਮਸ਼ਹੂਰ ਸੀ। ਜਦੋਂ ਉਨ੍ਹਾਂ ਦਾ ਮੈਚ ਕਿਸੇ ਹੋਰ ਸਕੂਲ ਨਾਲ ਹੋਣਾ ਹੁੰਦਾ, ਤਾਂ ਦੂਜੀ ਧਿਰ ਦੇ ਖਿਡਾਰੀ ਹਰਾਉਣ ਲਈ ਉਸ ਦੇ ਗੋਡੇ-ਗਿੱਟੇ ਭੰਨਣ ਨੂੰ ਤਿਆਰ ਰਹਿੰਦੇ, ਪਰ ਉਸਦੇ ਕਦੇ ਸੱਟ ਨਹੀਂ ਲੱਗੀ ਸੀ। ਉਸ ਦੀ ਫੁੱਟਬਾਲ ਦੀ ਖੇਡ ਨੂੰ ਹਰ ਪਾਸੇ ਸੁਲਾਹਿਆ ਜਾਂਦਾ ਸੀ।

**ਪ੍ਰਸ਼ਨ 3. ਫੁੱਟਬਾਲ ਖੇਡ ਰਹੇ ਬਸ਼ੀਰੇ ਨੂੰ ਦੇਖ ਕੇ ਲੇਖਕ ਕੀ ਮਹਿਸੂਸ ਕਰਦਾ ਹੈ ?**

ਉੱਤਰ - ਬਸ਼ੀਰੇ ਦੀ ਫੁੱਟਬਾਲ ਦੀ ਖੇਡ ਦੀ ਪ੍ਰਸੰਸਾ ਕਰਦੇ ਲੋਕਾਂ ਨੂੰ ਸੁਣ ਕੇ ਲੇਖਕ ਖੁਸ਼ੀ ਨਾਲ ਮਹਿਸੂਸ ਕਰਦਾ ਕਿ ਲੋਕ ਕਹਾਣੀਕਾਰ ਦੀਆਂ ਤਾਰੀਫ਼ਾਂ ਹੀ ਕਰ ਰਹੇ ਹਨ। ਜਿਸ ਦਿਨ ਫੁੱਟਬਾਲ ਦਾ ਮੈਚ ਹੁੰਦਾ ਉਸ ਦਿਨ ਉਹ ਆਪਣੇ ਆਪ ਵਿਚ ਮਿਉਂਦਾ ਨਹੀਂ ਸੀ।

**ਪ੍ਰਸ਼ਨ 4. ਲੇਖਕ ਦਾ ਜਨਮ-ਦਿਨ ਮਨਾਉਣ ਆਏ ਮੁੰਡੇ-ਕੁੜੀਆਂ ਵਿਚੋਂ ਲੇਖਕ ਨੂੰ ਕਾਂਤੀ ਨਾਂ ਦੀ ਕੁੜੀ ਕਿਉਂ ਚੰਗੀ ਲਗਦੀ ਹੈ ?**

ਉੱਤਰ - ਜਨਮ-ਦਿਨ ਮਨਾਉਣ ਆਏ ਮੁੰਡੇ-ਕੁੜੀਆਂ ਵਿਚੋਂ ਲੇਖਕ ਨੂੰ ਕਾਂਤੀ ਨਾਂ ਦੀ ਕੁੜੀ ਇਸ ਕਰਕੇ ਚੰਗੀ ਲਗਦੀ ਸੀ, ਕਿਉਂਕਿ ਉਹ ਬਸ਼ੀਰੇ ਨਾਲ ਗੱਲ-ਬਾਤ ਕਰਦੀ ਸੀ, ਉਸ ਦੇ ਮੂੰਹ-ਮੱਥੇ ਉੱਤੇ ਅਮੀਰੀ ਦੇ ਕੋਈ ਵੱਟ ਨਹੀਂ ਸਨ ਅਤੇ ਉਸ ਨੇ ਲੇਖਕ ਲਈ ਲਿਆਂਦੇ ਤੋਹਫਿਆਂ ਵਿਚੋਂ ਇਕ ਰੰਗ-ਬਰੰਗੀ ਜਰਸੀ ਬਸ਼ੀਰੇ ਨੂੰ ਵੀ ਦਿੱਤੀ ਸੀ।

**ਪ੍ਰਸ਼ਨ 5. ਲੇਖਕ ਅਤੇ ਬਸ਼ੀਰਾ ਆਪਣੇ ਭਵਿੱਖ ਬਾਰੇ ਕਿਹੜੀਆਂ ਵਿਉਂਤਾਂ ਬਣਾਉਂਦੇ ਸਨ ?**

ਉੱਤਰ - ਲੇਖਕ ਤੇ ਬਸ਼ੀਰਾ ਆਪਣੇ ਭਵਿੱਖ ਲਈ ਵਿਉਂਤਾਂ ਬਣਾਉਂਦੇ ਹੋਏ ਕਈ ਥਾਂਵਾਂ ਅਤੇ ਸ਼ਹਿਰਾਂ ਵਿੱਚ ਘੁੰਮ ਚੁੱਕੇ ਸਨ। ਉਹ ਕਾਲਜ ਵਿਚ ਇਕੱਠੇ ਪੜ੍ਹਨ ਅਤੇ ਬਸ਼ੀਰੇ ਦੇ ਯੂਨੀਵਰਸਿਟੀ ਦੀ ਟੀਮ ਵਿਚ ਚੁਣੇ ਜਾਣ ਦੀਆਂ ਵਿਉਂਤਾਂ ਬਣਾਉਂਦੇ ਸਨ। ਬਸ਼ੀਰਾ ਕਹਾਣੀਕਾਰ ਬਾਰੇ ਕਹਿੰਦਾ ਕਿ ਉਹ ਬਹੁਤ ਸਾਰੀਆਂ ਕਿਤਾਬਾਂ ਲਿਖੇਗਾ ਅਤੇ ਬਹੁਤ ਸਾਰੇ ਲੋਕ ਉਸ ਦੀਆਂ ਕਿਤਾਬਾਂ ਪੜ੍ਹਿਆ ਕਰਨਗੇ। ਬਸ਼ੀਰਾ ਕਹਾਣੀਕਾਰ ਨੂੰ ਕਾਂਤੀ ਨਾਲ ਉਸ ਦੇ ਵਿਆਹ ਦੀ ਗੱਲ ਕਰਕੇ ਛੇੜਦਾ ਸੀ।

**ਪ੍ਰਸ਼ਨ 6. "ਮੀਏਂ ਨੇ ਮੱਝ ਖ਼ਰੀਦ ਲਈ ਏ।" ਲੇਖਕ ਨੂੰ ਇਸ ਗੱਲ ਦੀ ਸਮਝ ਕਿਉਂ ਨਹੀਂ ਸੀ ਆ ਰਹੀ ?**

ਉੱਤਰ – ਕਿਉਂਕਿ ਲੇਖਕ ਦੀ ਦੁਨੀਆ ਵਿੱਚ ਮੱਝ ਦਾ ਜੋੜ ਦੁੱਧ ਤੇ ਲੱਸੀ ਪੀਣ ਨਾਲ ਹੀ ਸੀ। ਜਦੋਂਕਿ ਬਸ਼ੀਰੇ ਦੇ ਜੀਵਨ ਵਿੱਚ ਮੱਝ ਦਾ ਜੋੜ ਦੁੱਧ ਵੇਚ ਕੇ ਘਰ ਦੇ ਗੁਜ਼ਾਰੇ ਨਾਲ ਸੀ। ਮੱਝ ਨੂੰ ਪਾਲਣ ਲਈ ਹੀ ਬਸ਼ੀਰੇ ਨੇ ਸਕੂਲ ਜਾਣਾ ਅਤੇ ਫੁੱਟਬਾਲ ਖੇਡਣਾ ਛੱਡ ਦਿੱਤਾ ਸੀ।

**ਪ੍ਰਸ਼ਨ 7. 'ਬਸ਼ੀਰਾ' ਕਹਾਣੀ ਦੇ ਅੰਤ ਵਿਚ ਲੇਖਕ, ਬਸ਼ੀਰੇ ਦੇ ਬਾਲ-ਮਨ ਦੀਆਂ ਉਡਾਰੀਆਂ ਨੂੰ ਪੂਰੀਆਂ ਕਰਨ ਲਈ ਕੀ ਕਲਪਨਾ ਕਰਦਾ ਹੈ ?**

ਉੱਤਰ - ਲੇਖਕ ਕਲਪਨਾ ਕਰਦਾ ਹੈ ਕਿ ਬੇਸ਼ੱਕ ਬਸ਼ੀਰੇ ਦੀਆਂ ਫੁੱਟਬਾਲ ਖੇਡਣ ਅਤੇ ਕਾਲਜ ਪੜ੍ਹਨ ਲੱਗ ਕੇ ਯੂਨੀਵਰਸਿਟੀ ਟੀਮ ਵਿੱਚ ਸ਼ਾਮਲ ਹੋਣ ਦੀਆਂ ਸਧਰਾਂ ਅਧੂਰੀਆਂ ਰਹਿ ਗਈਆਂ ਹਨ, ਪਰ ਉਹ ਆਪਣੀ ਕਲਮ ਰਾਹੀਂ ਉਸ ਦਾ ਹਾਲ ਲਿਖੇਗਾ ਅਤੇ ਬਸ਼ੀਰੇ ਵਰਗੇ ਲੋਕਾਂ ਦੀ ਜ਼ਿੰਦਗੀ ਲਈ ਸੰਗਰਾਮ ਕਰੇਗਾ। ਜਿਸ ਨਾਲ ਬਸ਼ੀਰੇ ਵਾਂਗ ਕਿਸੇ ਦੀਆਂ ਸਧਰਾਂ ਅਧੂਰੀਆਂ ਨਹੀਂ ਰਹਿਣਗੀਆਂ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਬਸ਼ੀਰਾ' ਕਹਾਣੀ ਦਾ ਲੇਖਕ ਕੌਣ ਹੈ ?**

ਉੱਤਰ – ਨਵਤੇਜ ਸਿੰਘ ।

**ਪ੍ਰਸ਼ਨ 2. ਕੌਣ-ਕੌਣ ਚੰਗੇ ਬੇਲੀ ਸਨ ?**

ਉੱਤਰ - ਬਸ਼ੀਰਾ ਤੇ ਕਹਾਣੀਕਾਰ ।

**ਪ੍ਰਸ਼ਨ 3. ਲੇਖਕ ਨੂੰ ਕਾਂਤੀ ਦਾ ਹਾਸਾ ਕਿਸ ਵਰਗਾ ਜਾਪਦਾ ਸੀ ?**

ਉੱਤਰ - ਬਾਸਮਤੀ ਦੀ ਮਹਿਕ ਵਰਗਾ ।

**ਪ੍ਰਸ਼ਨ 4. ਕੌਣ ਚੰਗਾ ਗਾਉਂਦਾ ਸੀ ?**

ਉੱਤਰ - ਬਸ਼ੀਰਾ ।

**ਪ੍ਰਸ਼ਨ 5. ਕਿਸ ਦੀ ਫੁੱਟਬਾਲ ਦੀ ਕਿੱਕ ਬਹੁਤ ਮਸ਼ਹੂਰ ਸੀ ?**

ਉੱਤਰ - ਬਸ਼ੀਰੇ ਦੀ । ·

**ਪ੍ਰਸ਼ਨ 6. ਕਿਸ ਦਾ ਜਨਮ-ਦਿਨ ਮਨਾਇਆ ਜਾਂਦਾ ਸੀ ?**

ਉੱਤਰ - ਕਹਾਣੀਕਾਰ ਦਾ ।

**ਪ੍ਰਸ਼ਨ 7. ਲੇਖਕ ਨੂੰ ਕਿਹੜੀ ਕੁੜੀ ਚੰਗੀ ਲਗਦੀ ਸੀ ?**

ਉੱਤਰ - ਕਾਂਤੀ ।

**ਪ੍ਰਸ਼ਨ 8. ਕਾਂਤੀ ਨੇ ਬਸ਼ੀਰੇ ਨੂੰ ਕੀ ਦਿੱਤਾ ਸੀ ?**

ਉੱਤਰ - ਰੰਗ-ਬਰੰਗੀ ਜਰਸੀ ।

**ਪ੍ਰਸ਼ਨ 9. ਕਹਾਣੀਕਾਰ ਨੇ ਆਪਣੇ ਜਨਮ-ਦਿਨ ਉੱਤੇ ਬਸ਼ੀਰੇ ਨੂੰ ਕੀ ਸੁਗਾਤ ਦਿੱਤੀ ?**

ਉੱਤਰ - ਇਕ ਫੁੱਟਬਾਲ ।

**ਪ੍ਰਸ਼ਨ 10. ਬਸ਼ੀਰੇ ਨੇ ਸਕੂਲੇ ਆਉਣਾ ਕਿਉਂ ਛੱਡ ਦਿੱਤਾ ?**

ਉੱਤਰ - ਮੱਝ ਚਾਰਨ ਖ਼ਾਤਰ ।

**ਪ੍ਰਸ਼ਨ 11. ਬਸ਼ੀਰੇ ਦੇ ਘਰ ਵਾਲੇ ਸਾਰਾ ਦੁੱਧ ਕਿਉਂ ਵੇਚ ਦਿੰਦੇ ਸਨ ?**

ਉੱਤਰ - ਘਰ ਦੇ ਗੁਜ਼ਾਰੇ ਲਈ ।

**ਪ੍ਰਸ਼ਨ 12. ਲੇਖਕ ਲਈ ਮੱਝ ਦਾ ਜੋੜ ਕਿਸ ਚੀਜ਼ ਨਾਲ ਸੀ ?**

ਉੱਤਰ – ਦੁੱਧ ਤੇ ਲੱਸੀ ਨਾਲ ।

**ਪ੍ਰਸ਼ਨ 13. ਬਸ਼ੀਰੇ ਲਈ ਮੱਝ ਦਾ ਜੋੜ ਕਿਸ ਚੀਜ਼ ਨਾਲ ਸੀ ?**

ਉੱਤਰ - ਘਰ ਦੇ ਗੁਜ਼ਾਰੇ ਨਾਲ ।

**ਗੁਰਦੀਪ ਸਿੰਘ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋ 9193700037**